# ਦਫਤਰ ਜਿਲਾ ਸਿਖਿਆ ਅਫਸਰ(ਸੈ ਸਿ)ਬਠਿੰਡਾ

ਵੱਲ

(ਵੈਬ ਸਾਈਟ ਰਾਹੀਂ)

ਜਿਲੇ ਦੇ ਸਮੂਹ ਪ੍ਰਾਈਵੇਟ ਸਕੂਲਾਂ ਦੇ ਮੁਖੀ

ਜਿਲਾ ਬਠਿੰਡਾ।

ਪੱਤਰ ਨੰ: ਲ-1/1( )2024/ 2578-82

ਮਿਤੀ: 16/8/2024

ਵਿਸ਼ਾ: The Punjab regulation of Fee of Unaided Educational Institutions Act, 2016 , The Punjab regulation of Fee of Unaided Educational Institutions Rule , 2017 ਅਤੇ The Punjab regulation of Fee of Unaided Educational Institutions(amendment) Act, 2019 ਦੀ ਪਾਲਣਾ ਸੰਬਧੀ।

ਉਪਰੋਕਤ ਵਿਸ਼ੇ ਸੰਬਧੀ ਆਪ ਦਾ ਧਿਆਨ ਸਰਕਾਰ ਵੱਲੋਂ ਜਾਰੀ ਹਦਾਇਤਾਂ ਮਿਤੀ 14.8.24 ਵੱਲ ਦਵਾਉਂਦੇ ਹੋਏ ਲਿਖਿਆ ਜਾਂਦਾ ਹੈ ਕਿ The Punjab regulation of Fee of Unaided Educational Institutions Rule , 2017 ਅਨੁਸਾਰ ਜਿਲੇ ਦੇ ਸਮੂਹ ਮਾਨਤਾ ਪ੍ਰਾਪਤ ਸਕੂਲਾਂ ਵੱਲੋਂ ਫਾਰਮ ਏ, ਬੀ, ਸੀ ਮੇਨਟੇਨ ਕੀਤੇ ਜਾਣੇ ਹਨ ਅਤੇ ਆਪਣੀ ਸਲਾਨਾ ਰਿਪੋਰਟ ਫਾਰਮ ਡੀ ਦੇ ਰੂਪ ਵਿਚ ਤਿਆਰ ਕਰਕੇ ਜਿਲਾ ਪੱਧਰੀ ਫੀਸ ਰੈਗੂਲੇਟਰੀ ਬਾਡੀ ਨੂੰ ਭੇਜਣੇ ਲਾਜਮੀ ਹਨ ਪਰੰਤੂ ਸਾਲ 2019 ਤੋਂ ਬਾਅਦ ਕਿਸੇ ਵੀ ਸਕੂਲ ਵੱਲੋਂ ਫਾਰਮ ਡੀ ਜਮਾ ਨਹੀ ਕਰਵਾਏ ਗਏ ਜੋ ਕਿ ਉਕਤ ਰੂਲਾਂ ਦੀ ਉਲੰਘਣਾ ਹੈ।

ਇਸ ਸੰਬਧੀ ਆਪ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਸਕੂਲਾਂ ਵਿਚ ਰੂਲਾਂ ਅਨੁਸਾਰ ਫਾਰਮ ਏ, ਬੀ, ਸੀ ਮੇਨਟੇਨ ਕੀਤੇ ਜਾਣ ਅਤੇ ਸਲਾਨਾਂ ਰਿਪੋਰਟ ਫਾਰਮ ਡੀ ਵਿਚ ਤਿਆਰ ਕਰਕੇ (ਫਾਈਲ ਕਵਰ ਵਿਚ) ਇਸ ਦਫਤਰ ਦੇ ਕਮਰਾ ਨੰ: 446 ਵਿਖੇ ਦਸਤੀ ਤੌਰ ਤੇ ਮਿਤੀ 30.8.2024 ਤੱਕ ਹਰ ਹਾਲਤ ਵਿਚ ਜਮਾ ਕਰਾਈਆਂ ਜਾਣ।ਜੇਕਰ ਕਿਸੇ ਸਕੂਲ ਵੱਲੋਂ ਇਹਨਾਂ ਹਦਾਇਤਾਂ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਸ ਖਿਲਾਫ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ।

16/8/24

ਜਿਲਾ ਸਿਖਿਆ ਅਫਸਰ(ਸੈ ਸਿ)
ਬਠਿੰਡਾ

ਪਿਠਅੰਕਣ ਨੰ: ਉਕਤ ਮਿਤੀ ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖੇ ਅਧਿਕਾਰੀ ਸਾਹਿਬਾਨ ਨੂੰ ਭੇਜਿਆ ਜਾਂਦਾ ਹੈ:

1 ਮਾਨਯੋਗ ਸਕੱਤਰ,ਸਕੂਲ ਸਿਖਿਆ ਵਿਭਾਗ(ਸ਼ਾਖਾ-3), ਪੰਜਾਬ।
2 ਮਾਨਯੋਗ ਡਾਇਰੈਕਟਰ ਆਫ ਸਕੂਲ ਐਜੂਕੇਸ਼ਨ(ਸ) ਪੰਜਾਬ।
3 ਮਾਨਯੋਗ ਡਿਪਟੀ ਕਮਿਸ਼ਨਰ ਬਠਿੰਡਾ।
4 ਜਿਲਾ ਸਿਖਿਆ ਅਫਸਰ(ਐ.ਸਿ)ਬਠਿੰਡਾ।

16/08

ਜਿਲਾ ਸਿਖਿਆ ਅਫਸਰ(ਸੈ ਸਿ)
ਬਠਿੰਡਾ

CamScanner

SED-EDU306/39/2023-4EDU3

I/903313/2024

**ਪੰਜਾਬ ਸਰਕਾਰ**

**ਸਕੂਲ ਸਿੱਖਿਆ ਵਿਭਾਗ**

**(ਸਿੱਖਿਆ - 3 ਸ਼ਾਖਾ)**

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)- ਕਮ-ਮੈਂਬਰ ਜ਼ਿਲ੍ਹਾ ਪੱਧਰੀ ਫੀਸ ਰੈਗੂਲੇਟਰੀ ਬਾਡੀ, ਪੰਜਾਬ।

ਮਿਤੀ, ਚੰਡੀਗੜ੍ਹ: 14.08.2024

**ਵਿਸ਼ਾ:-** **The Punjab Regulation of Fee of Unaided Educational Institutions Act, 2016, The Punjab State Regulation of Fee of Unaided Educational Institutions Rules, 2017 ਅਤੇ The Punjab Regulation of Fee of Unaided Educational Institutions (Amendment) Act 2019 ਦੀ ਪਾਲਣਾ ਸਬੰਧੀ।**

*******

ਉਪਰੋਕਤ ਵਿਸ਼ੇ ਦੇ ਹਵਾਲੇ ਵਿੱਚ।

2. ਵਿਸ਼ਾ ਅੰਕਿਤ ਮਾਮਲੇ ਸਬੰਧੀ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਨੂੰ ਲਿਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਪ੍ਰਾਈਵੇਟ ਸਕੂਲਾਂ ਨੂੰ ਲੋੜੀਂਦੀਆਂ ਹਦਾਇਤਾਂ/ਨਿਰਦੇਸ਼ ਜਾਰੀ ਕਰਨ ਕਿ ਇਹ ਸਕੂਲ ਹਰ ਅਕਾਦਮਿਕ ਸਾਲ ਨੂੰ ਆਪਣੇ ਸਕੂਲ ਦਾ ਰਿਕਾਰਡ The Punjab State Regulation of Fee of Unaided Educational Institutions Rules, 2017 ਅਨੁਸਾਰ Form A, B ਅਤੇ C ਵਿੱਚ ਮੇਨਟੇਨ ਕਰਨ ਅਤੇ ਆਪਣੀ ਸਾਲਾਨਾ ਰਿਪੋਰਟ Form-D ਦੇ ਰੂਪ ਵਿੱਚ ਤਿਆਰ ਕਰਕੇ ਜ਼ਿਲ੍ਹਾ ਪੱਧਰੀ ਫੀਸ ਰੈਗੂਲੇਟਰੀ ਬਾਡੀ ਨੂੰ ਭੇਜਣਾ ਯਕੀਨੀ ਬਣਾਉਣ।

3. ਜੇਕਰ ਕਿਸੇ ਪ੍ਰਾਈਵੇਟ ਸਕੂਲ ਵੱਲੋਂ The Punjab Regulation of Fee of Unaided Educational Institutions Act, 2016, The Punjab State Regulation of Fee of Unaided Educational Institutions Rules, 2017 ਅਤੇ The Punjab Regulation of Fee of Unaided Educational Institutions (Amendment) Act 2019 ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਸ ਵਿਰੁੱਧ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇ।

4. ਇਸਦੇ ਨਾਲ ਹੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਜ਼ਿਲ੍ਹਾ ਪੱਧਰੀ ਫੀਸ ਰੈਗੂਲੇਟਰੀ ਬਾਡੀ ਵੱਲੋਂ ਵੱਖ-ਵੱਖ ਸਮੇਂ ਤੇ ਕੀਤੀਆਂ ਗਈਆਂ ਮੀਟਿੰਗਾਂ ਦਾ ਮੁਕੰਮਲ ਰਿਕਾਰਡ ਵੀ ਮੇਨਟੇਨ ਕੀਤਾ ਜਾਵੇ।

**ਉੱਪ ਸਕੱਤਰ,ਸਕੂਲ ਸਿੱਖਿਆ**

**ਪਿ.ਅੰ.ਨੰ:** **ਮਿਤੀ, ਚੰਡੀਗੜ੍ਹ:**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਮੂਹ ਜ਼ਿਲ੍ਹਾ ਡਿਪਟੀ ਕਮਿਸ਼ਨਰ ਪੰਜਾਬ-ਕਮ- ਚੇਅਰਮੈਨ ਜ਼ਿਲ੍ਹਾ ਪੱਧਰੀ ਫੀਸ ਰੈਗੂਲੇਟਰੀ ਬਾਡੀ।
2. ਡਾਇਰੈਕਟਰ ਸਕੂਲ ਸਿੱਖਿਆ (ਸੈ.) ਪੰਜਾਬ, ਦਫ਼ਤਰ ਡੀ ਐੱਸ ਈ. (ਸੈ.) ਪੰਜਾਬ।
3. ਸਹਾਇਕ ਡਾਇਰੈਕਟਰ (ਪ੍ਰਾ.ਏ.ਸ.), ਦਫ਼ਤਰ ਡੀ ਐੱਸ ਈ. (ਸੈ.) ਪੰਜਾਬ।
4. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.) ਪੰਜਾਬ - ਕਮ ਮੈਂਬਰ ਜ਼ਿਲ੍ਹਾ ਪੱਧਰੀ ਫੀਸ ਰੈਗੂਲੇਟਰੀ ਬਾਡੀ।

ਸਹੀ/-

**ਉੱਪ ਸਕੱਤਰ,ਸਕੂਲ ਸਿੱਖਿਆ**